ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 06/65-14 ਅ2(5)/ ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ: 29.05.15

ਇਸ ਦਫਤਰ ਦੇ ਹੁਕਮ ਨੰ: 08/11-2011 ਭਸ (2) ਮਿਤੀ 09.06.2011 ਰਾਹੀਂ ਸ੍ਰੀਮਤੀ ਨੀਲਮ ਨਰੂਲਾ ਪੁੱਤਰੀ ਸ੍ਰੀ ਸੋਮ ਦੱਤ , ਨਿਊ ਭਾਰਤ ਪਬਲਿਕ ਸਕੂਲ, ਗੁਰੂ ਨਾਨਕਪੁਰਾ ਮਿਹਾਸ ਗੇਟ, ਨਾਭਾ (ਪਟਿਆਲਾ) ਦੀ ਨਿਯੁਕਤੀ ਬਤੌਰ ਹਿੰਦੀ ਮਿਸਟ੍ਰੈਸ, ਰਜਿਸਟ੍ਰੇਸ਼ਨ ਨੰ: 20100204 ਕੈਟਾਗਰੀ ਜਨਰਲ ਯਕਮੁਸਤ ਤਨਖਾਹ 5400/-ਰੁਪਏ ਪ੍ਰਤੀ ਮਹੀਨਾ 17 ਵੱਖ-ਵੱਖ ਨਿਧਾਰਿਤ ਸ਼ਰਤਾ ਤਹਿਤ ਠੇਕੇ ਦੇ ਅਧਾਰ ਤੇ ਕੀਤੀ ਗਈ। ਇਹ ਕਰਮਚਾਰਨ ਮਿਤੀ 26.07.2011 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੋਦਾ (ਪਟਿਆਲਾ) ਵਿਖੇ ਹਾਜਰ ਹੋਈ। ਮਿਤੀ 23.11.2013 ਤੋਂ ਬਿਨਾਂ ਸੂਚਨਾ ਦਿੱਤੇ ਆਪਣੀ ਡਿਊਟੀ ਤੋਂ ਗੈਰ ਹਾਜਰ ਚੱਲ ਰਹੀ ਹੈ। ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੋਦਾ (ਪਟਿਆਲਾ) ਵੱਲੋ ਗੈਰ ਹਾਜਰੀ ਸਬੰਧੀ ਇਸ ਕਰਮਚਾਰਨ ਨੂੰ ਮਿਤੀ 27.11.2013 ਅਤੇ ਮਿਤੀ 12.12.2013 ਨੂੰ ਹਾਜਰ ਹੋਣ ਲਈ ਪੱਤਰ ਲਿਖੇ ਗਏ ਪਰੰਤੂ ਡਾਕ ਵਿਭਾਗ ਦੇ ਪ੍ਰੇਖਣ ਅਨੁਸਾਰ ਵਾਪਸ ਪ੍ਰਾਪਤ ਹੋਇਆ ਕਿ "ਪ੍ਰਾਪਤ ਕਰਤਾ ਬਾਹਰ ਗਿਆ ਹੋਇਆ ਹੈ"।

2. ਇਸ ਕਰਮਚਾਰਨ ਨੂੰ ਰੈਗੂਲਰ ਅਧਿਆਪਕ ਸਮਝ ਕੇ ਇਸ ਵਿਰੁੱਧ ਵਿਭਾਗੀ ਕਾਰਵਾਈ ਆਰੰਭੀ ਗਈ ਜਿਸ ਵਿੱਚ ਇਸ ਵਿਰੁੱਧ ਗੈਰ ਹਾਜ਼ਰੀ ਦਾ ਦੋਸ਼ ਸਿੱਧ ਹੋਇਆ। ਪਰੰਤੂ ਇਸ ਦੇ ਨਿਯੁਕਤੀ ਪੱਤਰ ਤੋਂ ਸਾਫ ਹੈ ਕਿ ਇਸ ਦੀ ਨਿਯੁਕਤੀ ਠੇਕੇ ਦੇ ਅਧਾਰ ਤੇ ਕੀਤੀ ਗਈ ਸੀ ਜਿਸ ਦੀ ਸ਼ਰਤ ਨੰ: 8 ਤਹਿਤ ਇਸ ਦੀ ਸੇਵਾ ਸਾਢੇ ਤਿੰਨ ਸਾਲ ਦੇ ਸਮੇਂ ਦੀ ਸੇਵਾ ਪੂਰੀ ਕਰਨ ਅਤੇ ਉਸ ਦੇ ਕੰਮ ਅਤੇ ਵਿਵਹਾਰ ਨੂੰ ਤਸਲੀਬੱਖਸ ਪਾਇਆ ਜਾਣ ਉਪਰੰਤ ਰੈਗੂਲਾਈਜੇਸਨ ਲਈ ਵਿਚਾਰੀ ਜਾਣੀ ਸੀ ਅਤੇ ਸ਼ਰਤ ਨੰ: 10 ਅਨੁਸਾਰ ਇਕ ਮਹੀਨੇ ਦਾ ਨੋਟਿਸ ਦੇ ਕੇ ਠੇਕਾ ਅਧਾਰਿਤ ਕਰਮਚਾਰੀ ਦੀ ਸੇਵਾ ਕਦੇ ਵੀ ਖਤਮ ਕੀਤੀ ਜਾ ਸਕਦੀ ਸੀ

3. ਸ੍ਰੀਮਤੀ ਨੀਲਮ ਨਰੂਲਾ, ਹਿੰਦੀ ਮਿਸਟ੍ਰੈਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੌਦਾ (ਪਟਿਆਲਾ) ਨੇ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਮਿਤੀ 23.11.2013 ਤੋਂ ਲਗਾਤਾਰ ਗੈਰ ਹਾਜਰ ਰਹਿ ਕੇ ਪੂਰੀ ਤਰ੍ਹਾ ਆਪਣੇ ਗੈਰ ਜ਼ੁਮੇਵਾਰ ਹੋਣ ਦਾ ਸਬੂਤ ਦਿਤਾ ਹੈ । ਇਸ ਦਾ ਇਹ ਗੈਰ ਜੁਮੇਵਾਰ ਵਿਵਹਾਰ ਇਸਦੇ ਗੈਰ ਤਸਲੀਬੱਖਸ ਕੰਮ ਅਤੇ ਵਿਵਹਾਰ ਦਾ ਸਿੱਧਾ ਪ੍ਰਤੀਕ ਹੈ।

4. ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਉਪਰੋਕਤ ਦਰਸਾਏ ਤੱਥਾਂ ਦੇ ਸਨਮੁੱਖ ਨਿਯੁਕਤੀ ਪੱਤਰ ਵਿੱਚ ਦਰਜ਼ ਸ਼ਰਤ ਨੰਬਰ ਨੰ: 08 ਦੇ ਸਨਮੁੱਖ ਸ੍ਰੀਮਤੀ ਨੀਲਮ ਨਰੂਲਾ, ਹਿੰਦੀ ਮਿਸਟ੍ਰੈਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੌਦਾ (ਪਟਿਆਲਾ) ਦੀ ਠੇਕਾ ਅਧਾਰਿਤ ਸੇਵਾਵਾਂ ਤੱਤਕਾਲ ਸਮੇਂ ਤੋਂ ਰੱਦ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਪਿਠ ਅੰਕਣ ਨੰ: ਉਕਤ / 10328 – 31 ਮਿਤੀ, ਐਸ.ਏ.ਐਸ.ਨਗਰ : 03/06/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ।
3. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੌਦਾ (ਪਟਿਆਲਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀਮਤੀ ਨੀਲਮ ਨਰੂਲਾ, ਹਿੰਦੀ ਮਿਸਟ੍ਰੈਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜਨੌਦਾ (ਪਟਿਆਲਾ)।

ਸੁਪਰਡੰਟ ਕੋਆਰਡੀਨੇਸਨ ਸੈਲ